# **Media Release**

ਤੁਰੰਤ ਰਿਲੀਜ ਲਈ

## ਬ੍ਰੈਂਪਟਨ ਨੇ ਭਾਈਚਾਰਕ ਸੁਰੱਖਿਆ ਅਤੇ ਸਿਹਤ ਤੇ ਵਧੇਰੇ ਧਿਆਨ ਕੇਂਦਰਿਤ ਕਰਦਿਆਂ, 2021 ਦੇ ਐਡਵਾਂਸ ਬ੍ਰੈਂਪਟਨ ਫੰਡ ਲਈ ਅਰਜ਼ੀਆਂ ਖ੍ਹੋਲੀਆਂ

***ਗੈਰ-ਲਾਭ ਅਤੇ ਚੈਰਿਟੇਬਲ ਸੰਗਠਨ, ਪ੍ਰੋਜੈਕਟ ਫੰਡਿੰਗ ਲਈ ਅਰਜ਼ੀ ਦੇ ਸਕਦੇ ਹਨ।***

ਬ੍ਰੈਂਪਟਨ, ਓਨਟੈਰੀਓ (14 ਦਸੰਬਰ, 2020) – ਹੁਣ ਸਿਟੀ ਆਫ ਬ੍ਰੈਂਪਟਨ, 2021 ਦੇ ਐਡਵਾਂਸ ਬ੍ਰੈਂਪਟਨ ਫੰਡ (ਏ.ਬੀ.ਐਫ.) (Advance Brampton Fund) (ABF) ਲਈ ਅਰਜ਼ੀਆਂ ਸਵੀਕਾਰ ਕਰ ਰਹੀ ਹੈ। ਕਾਉਂਸਿਲ ਨੇ ਅਕਤੂਬਰ 2020 ਵਿੱਚ, ਪ੍ਰੋਗਰਾਮ ਫ੍ਰੇਮਵਰਕ ਨੂੰ ਪ੍ਰਵਾਨ ਕੀਤਾ ਸੀ। ਸਿਟੀ ਦੇ 2021 ਦੇ ਸਾਲਾਨਾ ਸੰਚਾਲਨ ਬਜਟ ਨੂੰ ਪ੍ਰਵਾਨ ਕਰਨ ਤੋਂ ਬਾਅਦ, ਬ੍ਰੈਂਪਟਨ ਦੇ ਗੈਰ-ਲਾਭ ਅਤੇ ਚੈਰਿਟੇਬਲ ਸੰਗਠਨ ਹੁਣ, ਉਹਨਾਂ ਪ੍ਰੋਜੈਕਟਾਂ ਵਾਸਤੇ, ਫੰਡਿੰਗ ਲਈ ਅਰਜ਼ੀ ਦੇ ਸਕਦੇ ਹਨ, ਜੋ ਟਰਮ ਆਫ ਕਾਉਂਸਿਲ (Term of Council) ਪ੍ਰਾਇਰਟੀਜ ਨੂੰ ਅੱਗੇ ਵਧਾਉਣ ਵਾਲੇ ਹੋਣ।

ਬ੍ਰੈਂਪਟਨ-ਅਧਾਰਿਤ, ਰਜਿਸਟਰਡ ਚੈਰਿਟੀਜ, ਇਨਕਾਰਪੋਰੇਟੇਡ ਗੈਰ-ਲਾਭ ਸੰਗਠਨ ਅਤੇ ਅਨਇਨਕਾਰਪੋਰੇਟੇਡ ਗੈਰ-ਲਾਭ ਸੰਗਠਨ, ਫੰਡਿੰਗ ਲਈ ਅਰਜ਼ੀ ਦੇ ਸਕਦੇ ਹਨ। ਤਿੰਨ ਪ੍ਰੋਗਰਾਮ ਸਟ੍ਰੀਮਸ ਉਪਲਬਧ ਹਨ, ਜਿਹਨਾਂ ਵਿੱਚ ਸ਼ਾਮਲ ਹਨ: ਐਮਰਜਿੰਗ, ਡਿਵੈਲਪਿੰਗ ਅਤੇ ਐਂਪਲੀਫਾਇੰਗ।

ਡਿਵੈਲਪਿੰਗ ਅਤੇ ਐਂਪਲੀਫਾਇੰਗ ਪ੍ਰੋਗਰਾਮ ਸਟ੍ਰੀਮਸ ਦੇ ਪ੍ਰੋਜੈਕਟਾਂ ਵਾਸਤੇ, ਹੁਣ 3 ਫਰਵਰੀ, 2021 ਤੱਕ ਸਾਲਾਨਾ ਅਰਜ਼ੀਆਂ ਖੁੱਲ ਗਈਆਂ ਹਨ:

- **ਡਿਵੈਲਪਿੰਗ ਪ੍ਰੋਜੈਕਟਸ**, ਇਹ ਸਟ੍ਰੀਮ ਉਹਨਾਂ ਸੰਗਠਨਾਂ ਦੀ ਮਦਦ ਕਰਦੀ ਹੈ, ਜਿਹਨਾਂ ਨੇ ਬ੍ਰੈਂਪਟਨ ਵਿੱਚ ਘੱਟੋ-ਘੱਟ ਇੱਕ ਵਾਰ ਪ੍ਰੋਜੈਕਟ ਤੇ ਕੰਮ ਕੀਤਾ ਹੈ – ਉਹ ਮੇਲ ਖਾਂਦੇ ਫੰਡਾਂ ਵਿੱਚ 12,500 ਡਾਲਰ ਤੱਕ ਲਈ ਯੋਗ ਹਨ।
- **ਐਂਪਲੀਫਾਇੰਗ ਪ੍ਰੋਜੈਕਟਸ**, ਇਹ ਸਟ੍ਰੀਮ ਬ੍ਰੈਂਪਟਨ ਵਿੱਚ ਕੀਤੇ ਜਾਣ ਵਾਲੇ ਸਥਾਪਿਤ ਪ੍ਰੋਜੈਕਟਾਂ ਦੀ ਮਦਦ ਕਰਦੀ ਹੈ – ਉਹ ਮੇਲ ਖਾਂਦੇ ਫੰਡਾਂ ਵਿੱਚ 25,000 ਡਾਲਰ ਤੱਕ ਲਈ ਯੋਗ ਹਨ।

ਇਸ ਸਾਲ ਨਵੀਂ, ਐਮਰਜਿੰਗ ਪ੍ਰੋਜੈਕਟਸ (Emerging Projects) ਸਟ੍ਰੀਮ, ਜੋ ਬ੍ਰੈਂਪਟਨ ਵਿੱਚ ਨਵੇਂ ਅਤੇ ਉੱਭਰਦੇ ਪ੍ਰੋਜੈਕਟਾਂ ਦੀ ਮਦਦ ਕਰਦੀ ਹੈ, ਤਿਮਾਹੀ ਆਧਾਰ ਤੇ ਅਰਜ਼ੀਆਂ ਸਵੀਕਾਰ ਕਰੇਗੀ। ਜਨਵਰੀ ਅਤੇ ਜੂਨ 2021 ਦੇ ਵਿਚਕਾਰ ਆਉਣ ਵਾਲੇ ਪ੍ਰੋਜੈਕਟਾਂ ਵਾਸਤੇ, ਅਰਜ਼ੀਆਂ ਲਈ ਪਹਿਲਾ ਤਿਮਾਹੀ ਸੱਦਾ, 4 ਜਨਵਰੀ, 2021 ਨੂੰ ਸ਼ੁਰੂ ਹੋਵੇਗਾ। ਅਰਜ਼ੀ ਦੇਣ ਦੀ ਆਖ਼ਰੀ ਤਾਰੀਖ, 29 ਜਨਵਰੀ, 2021 ਹੈ।

ਫੰਡਿੰਗ ਲਈ ਅਰਜ਼ੀ ਦੇਣ ਵਾਲਿਆਂ ਦੀ ਸਹਾਇਤਾ ਲਈ, ਗ੍ਰਾਂਟ ਰਾਈਟਿੰਗ 101 (Grant Writing 101) ਬਾਰੇ ਇੱਕ ਵਰਕਸ਼ਾਪ, ਮੰਗਲਵਾਰ, 12 ਜਨਵਰੀ, 2021 ਨੂੰ, ਸ਼ਾਮ 6:30 ਵਜੇ ਔਨਲਾਈਨ ਹੋਵੇਗੀ। ਇਸ ਵਾਸਤੇ ਰਜਿਸਟਰੇਸ਼ਨ ਜ਼ਰੂਰੀ ਹੈ।

ਟਰਮ ਆਫ ਕਾਉਂਸਿਲ ਪ੍ਰਾਇਰਟੀ ਵੱਲੋਂ ਆਯੋਜਿਤ, ਜਾਣਕਾਰੀ ਸੈਸ਼ਨ ਹੇਠਾਂ ਦਿੱਤੇ ਮੁਤਾਬਕ ਔਨਲਾਈਨ ਹੋਣਗੇ:

- ਬ੍ਰੈਂਪਟਨ ਇੱਕ ਮੋਜੈਕ ਹੈ: ਬੁੱਧਵਾਰ, 13 ਜਨਵਰੀ, 2021, ਸ਼ਾਮ 6 ਵਜੇ
- ਬ੍ਰੈਂਪਟਨ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ: ਵੀਰਵਾਰ, 14 ਜਨਵਰੀ, 2021, ਸ਼ਾਮ 6 ਵਜੇ
- ਬ੍ਰੈਂਪਟਨ ਹਰਿਆ-ਭਰਿਆ ਸ਼ਹਿਰ ਹੈ: ਸੋਮਵਾਰ, 18 ਜਨਵਰੀ, 2021, ਸ਼ਾਮ 6 ਵਜੇ

ਸਾਰੇ ਵੇਰਵੇ, Brampton.ca/ABF ਤੇ ਉਪਲਬਧ ਹਨ।

**ਪਿਛੋਕੜ**

ਏ.ਬੀ.ਐਫ. (ABF), ਅਜਿਹੇ ਪ੍ਰੋਜੈਕਟਾਂ ਨੂੰ ਸ਼ੁਰੂ, ਵਿਕਸਿਤ ਕਰਨ ਅਤੇ ਉਹਨਾਂ ਦਾ ਵਿਸਤਾਰ ਕਰਨ ਵਾਲੇ, ਬ੍ਰੈਂਪਟਨ ਦੇ ਗੈਰ-ਲਾਭ ਅਤੇ ਚੈਰਿਟੇਬਲ ਸੰਗਠਨਾਂ ਦੀ ਮਦਦ ਕਰਦਾ ਹੈ, ਜੋ ਟਰਮ ਆਫ ਕਾਉਂਸਿਲ ਪ੍ਰਾਇਰਟੀਜ ਦੀ ਹਿਮਾਇਤ ਕਰਦੇ ਹਨ। ਗ੍ਰਾਂਟ ਲੈਣ ਵਾਲਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮੇਲ ਖਾਂਦੇ ਫੰਡਾਂ ਦੇ ਨਾਲ, ਪ੍ਰੋਜੈਕਟ ਸਥਿਰਤਾ ਅਤੇ ਮਜ਼ਬੂਤ ਸਮਰੱਥਾ ਵੱਲ ਅੱਗੇ ਵਧਣ, ਤਾਂ ਜੋ ਲੋਕਲ ਗੈਰ-ਲਾਭ ਸੈਕਟਰ ਅਤੇ ਬ੍ਰੈਂਪਟਨ ਦੇ ਭਾਈਚਾਰੇ ਦੇ ਅੰਦਰ ਭਾਈਵਾਲੀ, ਸਹਿਯੋਗ ਕਰਨ ਦੀ ਸਮਰੱਥਾ ਨੂੰ ਵੱਧ ਮਜ਼ਬੂਤ ਬਣਾਇਆ ਜਾ ਸਕੇ ਅਤੇ ਚੰਗੀ ਤਰ੍ਹਾਂ ਸੰਚਾਲਿਤ ਅਤੇ ਅਰਥਪੂਰਣ ਕੰਮ ਦੀ ਅਗਵਾਈ ਕੀਤੀ ਜਾ ਸਕੇ।

ਭਾਈਚਾਰਕ ਸੁਰੱਖਿਆ ਅਤੇ ਸਿਹਤ ਨੂੰ, ਟਰਮ ਆਫ ਕਾਉਂਸਿਲ ਪ੍ਰਾਇਰਟੀ ਕਿ ਬ੍ਰੈਂਪਟਨ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ, ਦੇ ਹੇਠ, ਏ.ਬੀ.ਐਫ. ਦੇ ਅੰਦਰ ਇੱਕ ਉੱਭਰਦੀ ਲੋੜ ਵਜੋਂ ਪਛਾਣਿਆ ਗਿਆ ਸੀ। ਇਸਦੇ ਨਤੀਜੇ ਵਜੋਂ, ਸਿਟੀ ਸਾਡੇ ਭਾਈਚਾਰੇ ਵਿੱਚ ਗੈਰ-ਲਾਭ ਅਤੇ ਚੈਰਿਟੇਬਲ ਸੰਗਠਨਾਂ ਦੀ ਅਗਵਾਈ ਵਿੱਚ ਕੀਤੇ ਜਾਣ ਵਾਲੇ, ਭਾਈਚਾਰਕ ਸੁਰੱਖਿਆ ਅਤੇ ਸਿਹਤ ਸਬੰਧੀ ਪ੍ਰੋਜੈਕਟਾਂ ਵਿੱਚ ਮਦਦ ਕਰਨ ਲਈ, ਏ.ਬੀ.ਐਫ. ਦੇ ਹੇਠ, 150,000 ਡਾਲਰ ਦੀ ਗ੍ਰਾਂਟ ਫੰਡਿੰਗ ਪ੍ਰਦਾਨ ਕਰੇਗੀ।

**ਲਿੰਕ**

- 2021 ਐਡਵਾਂਸ ਬ੍ਰੈਂਪਟਨ ਫੰਡ ਦੇ ਵੇਰਵੇ (2021 Advance Brampton Fund details)
- ਮੀਡੀਆ ਰਿਲੀਜ – ਸਿਟੀ ਆਫ ਬ੍ਰੈਂਪਟਨ, 2021 ਵਿੱਚ ਭਾਈਚਾਰਕ ਸੁਰੱਖਿਆ ਨੂੰ ਵਧਾਉਣ ਲਈ ਗ੍ਰਾਂਟ ਫੰਡਿੰਗ ਵਿੱਚ 150,000 ਡਾਲਰ ਪ੍ਰਦਾਨ ਕਰੇਗੀ (Media Release - City of Brampton commits $150,000 in grant funding to enhance community safety in 2021)

**ਹਵਾਲੇ**

"ਬ੍ਰੈਂਪਟਨ ਦੇ ਗੈਰ-ਲਾਭ ਅਤੇ ਚੈਰਿਟੇਬਲ ਸੰਗਠਨ, ਸਾਡੇ ਸ਼ਹਿਰ ਨੂੰ ਰਹਿਣ, ਕੰਮ ਕਰਨ ਅਤੇ ਖੇਡਣ ਲਈ ਸ਼ਾਨਦਾਰ ਥਾਂ ਬਣਾਉਣ ਵਿੱਚ ਮਦਦ ਕਰਦੇ ਹਨ। ਐਡਵਾਂਸ ਬ੍ਰੈਂਪਟਨ ਫੰਡ ਦੁਆਰਾ, ਇਹ ਸੰਗਠਨ ਉਹਨਾਂ ਪ੍ਰੋਜੈਕਟਾਂ ਵਾਸਤੇ ਫੰਡਿੰਗ ਲਈ ਅਰਜ਼ੀ ਦੇ ਸਕਦੇ ਹਨ, ਜੋ ਹਰ ਕਿਸੇ ਦੀ ਜੀਵਨ ਕੁਆਲਿਟੀ ਵਿੱਚ ਸੁਧਾਰ ਕਰਨਗੇ। ਅਸੀਂ ਇਹ ਦੇਖਣ ਲਈ ਉਤਸ਼ਾਹਿਤ ਹਾਂ ਕਿ ਇਸ ਸਾਲ ਕਿਹੜੇ ਪ੍ਰੋਜੈਕਟ ਅੱਗੇ ਵਧਦੇ ਹਨ।"

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਐਡਵਾਂਸ ਬ੍ਰੈਂਪਟਨ ਫੰਡ, ਉਸ ਬੇਜੋੜ ਅਤੇ ਬਹੁਮੁੱਲੀ ਭੂਮਿਕਾ ਨੂੰ ਪਛਾਣਦਾ ਹੈ, ਜੋ ਲੋਕਲ ਗੈਰ-ਲਾਭ ਅਤੇ ਚੈਰਿਟੇਬਲ ਸੰਗਠਨ, ਅਜਿਹੇ ਪ੍ਰੋਜੈਕਟ ਪੇਸ਼ ਕਰਨ ਵਿੱਚ ਨਿਭਾਉਂਦੇ ਹਨ, ਜੋ ਭਾਈਚਾਰੇ ਦੀ ਲੋੜ ਨੂੰ ਪੂਰਾ ਕਰਦੇ ਹੋਣ, ਸਿਟੀ ਦੀਆਂ ਸੇਵਾਵਾਂ ਦੀ ਪੂਰਤੀ ਕਰਦੇ ਹੋਣ ਅਤੇ ਸਾਡੀ ਟਰਮ ਆਫ ਕਾਉਂਸਿਲ ਪ੍ਰਾਇਰਟੀਜ ਨੂੰ ਅੱਗੇ ਵਧਾਉਣ ਵਿੱਚ ਯੋਗਦਾਨ ਦੇਣ। ਮੈਂ ਬ੍ਰੈਂਪਟਨ ਦੇ ਇਹਨਾਂ ਸੰਗਠਨਾਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਫੰਡਿੰਗ ਲਈ ਅਰਜ਼ੀ ਦੇਣ।"

– *ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਜੇਕਰ ਤੁਸੀਂ ਅਜਿਹੇ ਪ੍ਰੋਜੈਕਟ ਵਾਲੇ, ਗੈਰ-ਲਾਭ ਜਾਂ ਚੈਰਿਟੇਬਲ ਸੰਗਠਨ ਦਾ ਹਿੱਸਾ ਹੋ, ਜੋ ਟਰਮ ਆਫ ਕਾਉਂਸਿਲ ਪ੍ਰਾਇਰਟੀਜ ਨੂੰ ਅੱਗੇ ਵਧਾਉਂਦਾ ਹੋਵੇ, ਤਾਂ ਅਸੀਂ, ਐਡਵਾਂਸ ਬ੍ਰੈਂਪਟਨ ਫੰਡ ਲਈ ਤੁਹਾਡੀ ਅਰਜ਼ੀ ਵੇਖਣਾ ਚਾਹੁੰਦੇ ਹਾਂ! ਵਰਕਸ਼ਾਪ ਅਤੇ ਜਾਣਕਾਰੀ ਸੈਸ਼ਨ ਵਾਸਤੇ ਸਾਈਨ ਅੱਪ ਕਰੋ ਅਤੇ ਸਾਡੇ ਭਾਈਚਾਰੇ ਵਿੱਚ ਯੋਗਦਾਨ ਦੇਣ ਵਿੱਚ ਆਪਣੀ ਅਰਜ਼ੀ ਸ਼ਾਮਲ ਕਰੋ।"

– *ਰੋਏਨਾ ਸੈਂਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਦਾ ਸਟਾਫ਼, ਐਡਵਾਂਸ ਬ੍ਰੈਂਪਟਨ ਫੰਡ ਦੁਆਰਾ, ਗੈਰ-ਲਾਭ ਅਤੇ ਚੈਰਿਟੇਬਲ ਸੰਗਠਨਾਂ ਦੇ ਪ੍ਰੋਜੈਕਟਾਂ ਨੂੰ ਕਿਰਿਆਸ਼ੀਲ ਬਣਾਉਣ ਵਿੱਚ ਮਦਦ ਕਰਨ ਲਈ ਵਚਨਬੱਧ ਹੈ। ਹੁਣ ਡਿਵੈਲਪਿੰਗ ਅਤੇ ਐਂਪਲੀਫਾਇੰਗ ਪ੍ਰੋਜੈਕਟਸ ਸਟ੍ਰੀਮ ਲਈ ਅਰਜ਼ੀ ਦਿਓ ਅਤੇ ਐਮਰਜਿੰਗ ਪ੍ਰੋਜੈਕਟਸ ਸਟ੍ਰੀਮ ਵਾਸਤੇ ਤਿਆਰੀ ਕਰੋ, ਜੋ ਤਿਮਾਹੀ ਰੂਪ ਨਾਲ ਚੱਲੇਗੀ।"

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca